ਸਤਿਕਾਰਯੋਗ ਅਧਿਆਪਕ ਸਾਹਿਬਾਨ, ਸੱਤਵੀਂ ਜਮਾਤ ਦੇ ਅੰਗਰੇਜ਼ੀ ਵਿਸ਼ੇ ਦੇ ਸਾਰੇ ਪਾਠਾਂ ਦੇ **Bi-Lingual** ਪ੍ਰਸ਼ਨ-ਉੱਤਰ ਵਿਦਿਆਰਥੀਆਂ ਦੇ ਸਿੱਖਣ ਪੱਧਰ ਅਨੁਸਾਰ ਸੌਖੇ ਕਰਕੇ ਟਾਇਪ ਕੀਤੇ ਗਏ ਹਨ। ਇਹ ਨੋਟਸ ਜਿੱਥੇ ਵਿਦਿਆਰਥੀਆਂ ਨੂੰ ਗਾਈਡਾਂ ਵਰਤਣ ਤੋਂ ਰੋਕਣ ਵਿੱਚ ਸਹਾਇ ਹਨ ਉੱਥੇ ਹੀ ਪ੍ਰੀਖਿਆ ਦੀ ਤਿਆਰੀ ਲਈ ਵਿਦਿਆਰਥੀ ਦਾ ਆਤਮ-ਵਿਸ਼ਵਾਸ ਵਧਾਉਂਦੇ ਹਨ।

ਹਰੇਕ ਪਾਠ ਦੇ ਸ਼ੁਰੂਆਤ ਵਿੱਚ ਦਿੱਤੇ ਗਏ **My Vocabulary** ਭਾਗ ਵਿੱਚ ਕੁਝ ਅਜਿਹੇ ਆਮ ਵਰਤੋ ਵਾਲੇ ਅਤੇ ਚੋਣਵੇਂ ਸ਼ਬਦ ਦਿੱਤੇ ਗਏ ਹਨ ਜੋ ਵਿਦਿਆਰਥੀਆਂ ਦੇ ਜਮਾਤ ਪੱਧਰ ਅਨੁਸਾਰ ਜਿੱਥੇ ਉਨ੍ਹਾਂ ਦੇ ਸ਼ਬਦ ਭੰਡਾਰ ਵਿੱਚ ਵਾਧਾ ਤਾਂ ਕਰਦੇ ਹੀ ਹਨ, ਨਾਲ ਹੀ ਇਹਨਾਂ ਸ਼ਬਦਾਂ ਦੀ ਵਰਤੋ ਕਰਕੇ ਹੀ ਪਾਠ ਦੇ ਪ੍ਰਸ਼ਨਾਂ ਦੇ ਉੱਤਰ ਲਿਖੇ ਜਾ ਸਕਦੇ ਹਨ।

ਪਾਠਾਂ ਨੂੰ ਹੋਰ ਸਚੁੱਜਾ ਰੂਪ ਦੇਣ ਅਤੇ ਸੁਧਾਰ ਹਿੱਤ ਆਪ ਜੀ ਦੇ ਵਡਮੁੱਲੇ ਸੁਝਾਵਾਂ ਦਾ ਸੁਆਗਤ ਹੈ।

ਹਰਬੰਸ ਲਾਲ
ਸ.ਸ. ਮਾਸਟਰ
ਸਰਕਾਰੀ ਮਿਡਲ ਸਕੂਲ
ਗੋਰਖਨਾਥ (ਮਾਨਸਾ)
9872975941



# Lesson – 1

## THE SELFISH GIANT (ਸੁਆਰਥੀ ਦਾਨਵ)

| My Vocabulary | |
|---|---|
| 1. Way - ਰਸਤਾ | 6. Spring – ਬਸੰਤ ਰੁੱਤ |
| 2. See - ਦੇਖਣਾ | 7. Furious – ਬਹੁਤ ਗੁੱਸੇ |
| 3. Decide – ਫੈਂਸਲਾ ਕਰਨਾ | 8. Wanted – ਚਾਹੁੰਦਾ ਸੀ |
| 4. Knock down – ਤੋੜ ਦੇਣਾ | 9. Meet - ਮਿਲਣਾ |
| 5. Realized – ਮਹਿਸੂਸ ਕੀਤਾ | 10. Dead - ਮਰਿਆ |

**Q-1. Where would the children go on their way back from school?**

“ਸਕੂਲ ਤੋਂ ਵਾਪਿਸ ਆਉਣ ਸਮੇਂ ਰਸਤੇ ਵਿੱਚ ਬੱਚੇ ਕਿੱਥੇ ਜਾਂਦੇ ਸਨ ?

Ans.- In the Giant’s garden ਦਾਨਵ ਦੇ ਬਾਗ ਵਿੱਚ।

**Q-2. What did the Gaint see when he came back after seven years ?**

ਦਾਨਵ ਨੇ ਸੱਤ ਸਾਲਾਂ ਬਾਅਦ ਵਾਪਿਸ ਆ ਕੇ ਕੀ ਦੇਖਿਆ?

Ans.-He saw that the children were playing in his garden.

ਉਸਨੇ ਦੇਖਿਆ ਕਿ ਬੱਚੇ ਉਸਦੇ ਬਾਗ ਵਿੱਚ ਖੇਡ ਰਹੇ ਸਨ.

**Q-3. Why did the Giant decide to knock down the wall?**

ਦਾਨਵ ਨੇ ਦੀਵਾਰ ਤੋੜਣ ਦਾ ਨਿਸ਼ਚਾ ਕਿਉਂ ਕੀਤਾ?

Ans. Because he realized that spring liked the children to enter into the garden.

ਕਿਉਂਕਿ ਉਸਨੂੰ ਮਹਿਸੂਸ ਹੋ ਗਿਆ ਸੀ ਕਿ ਬਸੰਤ ਰੁੱਤ ਨੂੰ ਬੱਚਿਆਂ ਦਾ ਬਾਗ ਅੰਦਰ ਆਉਣਾ ਪਸੰਦ ਸੀ ।

**Q-4.Why was the Gaint furious? ਦਾਨਵ ਬੈਚੈਨ ਕਿਉਂ ਸੀ ?**

Ans. Because wanted to meet his little child friend .

ਕਿਉਂਕਿ ਉਹ ਆਪਣੇ ਛੋਟੇ ਬੱਚੇ ਮਿੱਤਰ ਨੂੰ ਮਿਲਣਾ ਚਾਹੁੰਦਾ ਸੀ ।

**Q-5. Where was the Giant found dead at the end of the story ?**

ਕਹਾਣੀ ਦੇ ਅੰਤ ਵਿੱਚ ਦਾਨਵ ਕਿੱਥੇ ਮਰਿਆ ਹੋਇਆ ਮਿਲਿਆ ?

Ans. Under a tree. ਇੱਕ ਦਰਖਤ ਦੇ ਹੇਠਾਂ ।

# LESSON – 2 DESERTS (ਮਾਰੂਥਲ)

| My Vocabulary | |
|---|---|
| 1. Features - ਵਿਸ਼ੇਸ਼ਤਾਵਾਂ | 6. Driest – ਸਭ ਤੋਂ ਖੁਸ਼ਕ |
| 2.Dry – ਖੁਸ਼ਕ, ਸੁੱਕਾ | 7. Human – ਮਨੁੱਖ |
| 3. Thorny - ਕੰਡਿਆਲ | 8. Vegetation - ਬਨਸਪਤੀ |
| 4. World - ਸੰਸਾਰ | 9. Summer - ਗਰਮੀਂ |
| 5. Located – ਸਥਿੱਤ | 10. Winter - ਸਰਦੀ |

**Q-1.What are the major features of all deserts?**

ਸਾਰੇ ਮਾਰੂਥਲਾਂ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ?

Ans- A desert is a place where there is no water and vegetation.

ਮਾਰੂਥਲ ਇੱਕ ਅਜਿਹੀ ਥਾਂ ਹੁੰਦੀ ਹੈ ਜਿੱਥੇ ਨਾ ਪਾਣੀ ਹੁੰਦਾ ਹੈ ਨਾ ਬਨਸਪਤੀ ।

**Q-2.What can we find in a desert ? ਮਾਰੂਥਲ ਵਿੱਚ ਸਾਨੂੰ ਕੀ ਮਿਲਦਾ ਹੈ ?**

Ans- Dry and thorny plants (ਖੁਸ਼ਕ ਅਤੇ ਕੰਡਿਆਲੇ ਪੌਦੇ), sand (ਰੇਤ) and animals.

**Q-3. Which desert is hot in summer (ਗਰਮੀਆਂ) and cold in winter (ਸਰਦੀਆਂ)?**

Ans-The Gobi in Mongolia. ਮੰਗੋਲੀਆ ਦਾ ਗੋਬੀ ਮਾਰੂਥਲ ।

**Q-4. What do camels eat? ਊਠ ਕੀ ਖਾਂਦੇ ਹਨ?**

Ans-Dry and thorny plants. ਸੁੱਕੇ ਅਤੇ ਕੰਡਿਆਲੇ ਪੋਦੇ ।

**Q-5. What do we get from camels? ਅਸੀਂ ਊਠ ਤੋਂ ਕੀ ਕੁਝ ਪ੍ਰਾਪਤ ਕਰਦੇ ਹਾਂ ?**

Ans-Meat, wool (ਊਨ) and milk.

**Q-6 Which is the driest (ਸਭ ਤੋਂ ਖੁਸ਼ਕ) desert in the world?**

ਸੰਸਾਰ ਦਾ ਸਭ ਤੋਂ ਖੁਸ਼ਕ ਮਾਰੂਥਲ ਕਿਹੜਾ ਹੈ ?

Ans-The Atacama in Chile. ਚਿੱਲੀ ਦਾ ਅਟਾਕਮਾ ਮਾਰੂਥਲ ।

**Q-7.Which is the largest desert? Where is it located ?**

ਸਭ ਤੋਂ ਵੱਡਾ ਮਾਰੂਥਲ ਕਿਹੜਾ ਹੈ? ਇਹ ਕਿੱਥੇ ਸਥਿੱਤ ਹੈ?

Ans- Sahara is the largest desert. It is located in Africa.

ਸਭ ਤੋਂ ਵੱਡਾ ਮਾਰੂਥਲ ਸਹਾਰਾ ਹੈ।ਇਹ ਅਫਰੀਕਾ ਵਿੱਚ ਸਥਿੱਤ ਹੈ।

**Q-8. Why do we say that deserts are a useful (ਉਪਯੋਗੀ) part of the earth?**

ਅਸੀਂ ਕਿਉਂ ਕਹਿੰਦੇ ਹਾਂ ਕਿ ਮਾਰੂਥਲ ਸਾਡੀ ਧਰਤੀ ਦਾ ਉਪਯੋਗੀ ਭਾਗ ਹਨ?

Ans- Because there live many humans (ਮਨੁੱਖ), plants and animals.

ਕਿਉਂਕਿ ਮਾਰੂਥਲ ਵਿੱਚ ਕਈ ਮਨੁੱਖ, ਪੌਦੇ ਅਤੇ ਜਾਨਵਰ ਰਹਿੰਦੇ ਹਨ।

## POEM-1

## THE FOX AND THE GRAPES

| My Vocabulary | |
|---|---|
| 1. Passing - ਲੰਘ ਰਿਹਾ | 6. Result - ਨਤੀਜਾ |
| 2. Through – ਵਿੱਚੋਂ, ਰਾਹੀਂ | 7. Efforts - ਯਤਨ |
| 3. Vineyard - ਅੰਗੂਰਾਂ ਦਾ ਬਗੀਚਾ | 8. In vain - ਵਿਅਰਥ |
| 4. Bunch – ਗੁੱਛਾ | 9. Console – ਧਰਵਾਸ, ਦਿਲਾਸਾ |
| 5. Reach - ਪਹੁੰਚਣਾ | 10. Upset - ਉਦਾਸ |

**Q-1.What was the fox doing on a summer day? ਲੂੰਬੜ ਗਰਮੀਂ ਦੇ ਇੱਕ ਦਿਨ ਕੀ ਕਰ ਰਿਹਾ ਸੀ?**

Ans-He was passing through a vineyard. ਉਹ ਅੰਗੂਰਾਂ ਦੇ ਬਗੀਚੇ ਵਿੱਚੋਂ ਲੰਘ ਰਿਹਾ ਸੀ ।

**Q-2.What did the fox see ? ਲੂੰਬੜ ਨੇ ਕੀ ਦੇਖਿਆ ?**

Ans- A bunch of grapes. ਅੰਗੂਰਾਂ ਦਾ ਇੱਕ ਗੁੱਛਾ ।

**Q-3.What did the fox do to reach the grapes?**

ਲੂੰਬੜ ਨੇ ਅੰਗੂਰਾਂ ਤੱਕ ਪਹੁੰਚਣ ਲਈ ਕੀ ਕੀਤਾ?

Ans- He jumped many times to reach the grapes.

ਉਸਨੇ ਅੰਗੂਰਾਂ ਤੱਕ ਪਹੁੰਚਣ ਲਈ ਕਈ ਵਾਰ ਛਲਾਂਗ ਲਗਾਈ ।

**Q-4.What was the result of the efforts made by the fox?**

ਲੂੰਬੜ ਦੇ ਯਤਨਾਂ ਦਾ ਕੀ ਨਤੀਜਾ ਨਿੱਕਲਿਆ?

Ans- His efforts went in vain. ਉਸਦੇ ਯਤਨ ਵਿਅਰਥ ਹੋ ਗਏ।

**Q-5.Why did the fox say that the grapes were sour?**

ਲੂੰਬੜ ਨੇ ਕਿਉਂ ਕਿਹਾ ਕਿ ਅੰਗੂਰ ਖੱਟੇ ਸਨ?

Ans- Because he could not reach to the grapes.So, he said this to console himself. ਕਿਉਂਕਿ ਉਹ ਅੰਗੂਰਾਂ ਤੱਕ ਨਹੀਂ ਪਹੁੰਚ ਸਕਿਆ ਸੀ।ਇਸ ਲਈ ਉਸਨੇ ਆਪਣੇ ਆਪ ਨੂੰ ਧਰਵਾਸ ਦੇਣ ਲਈ ਅਜਿਹਾ ਕਿਹਾ।

**Q-6.What lesson do we learn from the poem ? ਸਾਨੂੰ ਕਵਿਤਾ ਤੋਂ ਕੀ ਸਿੱਖਿਆ ਮਿਲਦੀ ਹੈ ?**

Ans- We should not get upset if we fail to get the thing we want.

ਜੋ ਚੀਜ ਅਸੀਂ ਪ੍ਰਾਪਤ ਕਰਨਾ ਚਾਹੁੰਦੇ ਹਾਂ ਉਸਨੂੰ ਪ੍ਰਾਪਤ ਕਰਨ ਵਿੱਚ ਅਸਫਲ ਹੋਣ ਤੇ ਸਾਨੂੰ ਉਦਾਸ ਨਹੀਂ ਹੋਣਾ ਚਾਹੀਦਾ ।

**Q-7.What is the name of the poet ? ਕਵੀ ਦਾ ਕੀ ਨਾਮ ਹੈ ?**

Ans- Joseph Lauren. ਜੋਸਫ ਲਾਰੇਨ ।

# Lesson – 3

## REACHING FOR THE STARS (ਤਾਰਿਆਂ ਲਈ ਪਹੁੰਚ)

| My Vocabulary | |
|---|---|
| 1. Born - | 6. Specialist - |
| 2. Space - | 7. Traveller - |
| 3. Receive - ਪ੍ਰਾਪਤ - | 8. Happened - |
| 4. Fulfilled - | 9. Exploded - |
| 5. Assigned - | 10. Memory - |

**Q-1.Why is Kalpana Chawla called 'Karnal Ki Beti' ?**

ਕਲਪਨਾ ਚਾਵਲਾ ਨੂੰ 'ਕਰਨਾਲ ਦੀ ਬੇਟੀ' ਕਿਉਂ ਕਿਹਾ ਜਾਂਦਾ ਹੈ?

Ans- Because Kalpana was born in Karnal.

ਕਿਉਂਕਿ ਕਲਪਨਾ ਚਾਵਲਾ ਦਾ ਜਨਮ ਕਰਨਾਲ ਵਿੱਚ ਹੋਇਆ ਸੀ।

**Q-2.Who was the first Indian Air Force Officer to go to space?**

ਪੁਲਾੜ ਵਿੱਚ ਜਾਣ ਵਾਲਾ ਪਹਿਲਾ ਹਵਾਈ ਫੌਜ ਅਧਿਕਾਰੀ ਕਿਹੜਾ ਸੀ ?

Ans- Rakesh sharma.

**Q-3.Where (ਕਿੱਥੋਂ) did Kalpana receive (ਪ੍ਰਾਪਤ) her school education?**

ਕਲਪਨਾ ਨੇ ਆਪਣੀ ਸਕੂਲੀ ਵਿੱਦਿਆ ਕਿੱਥੋਂ ਪ੍ਰਾਪਤ ਕੀਤੀ ?

Ans- In Karnal. ਕਰਨਾਲ ਵਿੱਚ ।

**Q-4.When was Kalpana's long cherished dream fulfilled ?**

ਕਲਪਨਾ ਦਾ ਅਜੀਜ਼ ਸੁਪਨਾ ਕਦੋਂ ਪੂਰਾ ਹੋਇਆ ?

Ans- When she was assigned as Mission Specialist on STS-87. ਜਦੋਂ ਉਸਨੂੰ STS-87 ਦਾ ਮਿਸ਼ਨ ਪ੍ਰਮੁੱਖ ਬਣਾਇਆ ਗਿਆ ।

**Q-5.What does the writer mean by saying that Kalpana was not just a space traveller? ਲੇਖਕ ਦਾ ਇਸ ਗੱਲ ਤੋਂ ਕੀ ਭਾਵ ਹੈ ਕਿ ਕਲਪਨਾ ਕੇਵਲ ਇੱਕ ਪੁਲਾੜ ਯਾਤਰੀ ਨਹੀਂ ਸੀ ?**

Ans- Because she was a lover of dance and music also.

ਕਿਉਂਕਿ ਉਹ ਨ੍ਰਿਤ ਅਤੇ ਸੰਗੀਤ ਨੂੰ ਵੀ ਪਿਆਰ ਕਰਦੀ ਸੀ।

**Q-6.What happened to the space shuttle 'Columbia' on February 1,2003 ?**

1 ਫਰਵਰੀ 2003 ਨੂੰ ਪੁਲਾੜ ਸ਼ਟਲ ਕੋਲੰਬੀਆ ਨੂੰ ਕੀ ਹੋਇਆ ?

Ans- On February 1, 2003 the space shuttle Columbia exploded (ਵਿਸਫੋਟ).

1 ਫਰਵਰੀ 2003 ਨੂੰ ਪੁਲਾੜ ਸ਼ਟਲ ਕੋਲੰਬੀਆ ਵਿੱਚ ਵਿਸਫੋਟ ਹੋ ਗਿਆ।

**Q-7.Why is Kalpana Chawla regarded as role model for many Indians ?**

ਕਲਪਨਾ ਚਾਵਲਾ ਨੂੰ ਅਨੇਕਾਂ ਭਾਰਤੀਆਂ ਲਈ ਆਦਰਸ਼ ਕਿਉਂ ਮੰਨਿਆ ਜਾਂਦਾ ਹੈ ?

Ans- Because her spirit motivates other Indians to follow her example.

ਕਿਉਂਕਿ ਉਸਦੀ ਭਾਵਨਾ ਦੂਸਰੇ ਭਾਰਤੀਆਂ ਨੂੰ ਉਸਦੇ ਵਰਗਾ ਕਾਰਜ ਕਰਨ ਲਈ ਪ੍ਰੇਰਿਤ ਕਰਦੀ ਹੈ ।

**Q-8.What has the Punjab Government done to keep Kalpana's memory alive?**

**ਕਲਪਨਾ ਦੀ ਯਾਦ ਨੂੰ ਜੀਵਿਤ ਰੱਖਣ ਲਈ ਪੰਜਾਬ ਸਰਕਾਰ ਨੇ ਕੀ ਕੀਤਾ ਹੈ ?**

Ans- The Punjab Govt.awards a medal in her memory to the best student in Punjab Engineering College Chandigarh.

ਪੰਜਾਬ ਸਰਕਾਰ ਨੇ ਉਸਦੀ ਯਾਦ ਵਿੱਚ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਦੇ ਸਭ ਤੋਂ ਵਧੀਆ ਵਿਦਿਆਰਥੀ ਨੂੰ ਮੈਡਲ ਪ੍ਰਦਾਨ ਕਰਦੀ ਹੈ ।

# Lesson – 4

# BIRBAL HITS BACK (ਬੀਰਬਲ ਦਾ ਬਦਲਾ)

| My Vocabulary | |
|---|---|
| 1. Know - ਜਾਨਣਾ | 6. Enemies - ਦੁਸ਼ਮਨ |
| 2. Favorite - ਮਨਪਸੰਦ | 7. Think - ਸੋਚਣਾ |
| 3. Hatched – ਰਚੀ, ਬਣਾਈ | 8. Returned – ਵਾਪਸ ਮੁੜਿਆ |
| 4. Plot - ਯੋਜਨਾ | 9. Beard - ਦਾੜ੍ਹੀ |
| 5. Wicked - ਦੁਸ਼ਟ | 10. Punishment - ਸਜ਼ਾ |

**Q-1.What do you know about Akbar as a kind ?** ਅਕਬਰ ਸਮਰਾਟ ਦੇ ਬਾਰੇ ਉਸੀਂ ਕੀ ਜਾਣਦੇ ਹੋਂ?

Ans.- Akbar was a great Mughal King. ਅਕਬਰ ਇੱਕ ਮਹਾਨ ਮੁਗਲ ਸ਼ਾਸ਼ਕ ਸੀ।

**Q-2. Who was the favorite Navratna of Akbar?**

ਅਕਬਰ ਦਾ ਚਹੇਤਾ ਨਵਰਤਨ ਕੌਣ ਸੀ ?

Ans- Birbal. ਬੀਰਬਲ ।

**Q-3. Who hatched a plot to kill Birbal?** ਬੀਰਬਲ ਨੂੰ ਮਾਰਨ ਦੀ ਯੋਜਨਾ ਕਿਸਨੇ ਰਚੀ?

Ans- A wicked minister. ਇੱਕ ਦੁਸ਼ਟ ਮੰਤਰੀ ।

**Q-4.Why were Birbal's enemies hapy?**

ਬੀਰਬਲ ਦੇ ਦੁਸ਼ਮਣ ਖੁਸ਼ ਕਿਉਂ ਸਨ?

Ans- His enemies were happy to think that Birbal was no more.

ਉਸਦੇ ਦੁਸ਼ਮਨ ਇਹ ਸੋਚ ਕੇ ਖੁਸ਼ ਸਨ ਕਿ ਬੀਰਬਲ ਹੁਣ ਜਿਉਂਦਾ ਨਹੀਂ ਰਿਹਾ।

**Q-5.What did Birbal tell the king when he returned to court after six months ?**

ਛੇ ਮਹੀਨੇ ਬਾਅਦ ਪਰਵਾਸ ਤੋਂ ਪਰਤ ਕੇ ਬੀਰਬਲ ਨੇ ਰਾਜੇ ਨੂੰ ਕੀ ਦੱਸਿਆ ?

Ans- He told that his father and grandfather were happy but they had long hair and beards (ਦਾੜ੍ਹੀ).

ਉਸਨੇ ਦੱਸਿਆ ਕਿ ਉਸਦੇ ਪਿਤਾਜੀ ਅਤੇ ਦਾਦਾਜੀ ਖੁਸ਼ ਸਨ ਪਰ ਉਨ੍ਹਾਂ ਦੇ ਵਾਲ ਅਤੇ ਦਾੜ੍ਹੀ ਬਹੁਤ ਵੱਡੇ ਹੋ ਗਏ ਹਨ।

**Q-6. What punishment was given to the wicked minister and the barber ?**

ਨਾਈ ਅਤੇ ਦੁਸ਼ਟ ਮੰਤਰੀ ਨੂੰ ਕੀ ਸਜ਼ਾ ਮਿਲੀ ?

Ans- The barber and the wicked (ਦੁਸ਼ਟ) minister were sent to jail. ਨਾਈ ਅਤੇ ਦੁਸ਼ਟ ਮੰਤਰੀ ਨੂੰ ਜੇਲ ਭੇਜ ਦਿੱਤਾ ਗਿਆ ।

**Q-7.What lesson do you learn from the story ?**

ਇਸ ਕਹਾਣੀ ਤੋਂ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ ?

Ans- As you sow, so shall you reap. ਜੈਸਾ ਕਰੋਗੇ, ਵੈਸਾ ਭਰੋਗੇ ।

## POEM-2 The Ice Cream Man

| My Vocabulary | |
|---|---|
| 1. Season - ਮੌਸਮ | 6. Cart – ਗੱਡੀ/ ਰੇਹੜੀ |
| 2. Generally –ਆਮ ਤੌਰ ਤੇ | 7. Poet - ਕਵੀ |
| 3. Seen – ਦਿਖਾਈ ਦਿੰਦਾ | 8. Cluster – ਇਕੱਠੇ |
| 4. Streets - ਗਲੀਆਂ | 9. Frosty - ਠੰਢੀਆਂ |
| 5. Move – ਚੱਲਣਾ | 10. Quickly – ਤੇਜ਼ੀ ਨਾਲ |

**Q-1. In which season do we see the ice cream man?**

**ਅਸੀਂ ਆਈਸ ਕਰੀਮ ਵੇਚਣ ਵਾਲੇ ਨੂੰ ਕਿਸ ਮੌਸਮ ਵਿੱਚ ਦੇਖਦੇ ਹਾਂ?**

Ans- In summer. ਗਰਮੀਆਂ ਵਿੱਚ।

**Q-2. Where is the ice cream man generally seen?**

**ਅਈਸ ਕਰੀਮ ਵੇਚਣ ਵਾਲਾ ਆਮ ਤੌਰ ਤੇ ਕਿੱਥੇ ਦਿਖਾਈ ਦਿੰਦਾ ਹੈ?**

Ans- In the streets. ਗਲੀਆਂ ਵਿੱਚ।

**Q-3. Why does the ice cream man move slowly with his cart?**

**ਆਈਸ ਕਰੀਮ ਵੇਚਣ ਵਾਲਾ ਆਪਣੀ ਗੱਡੀ ਨਾਲ ਹੌਲੀ ਕਿਉਂ ਚਲਦਾ ਹੈ?**

Ans- To sell more icecreams. ਜਿਆਦਾ ਆਈਸ ਕਰੀਮ ਵੇਚਣ ਲਈ।

**Q-4. What does the poet mean by "bottles full of frosty fizz"?**

**"ਠੰਢੀਆਂ ਬੁਲਬੁਲੇ ਬਣਾਉਂਦੀਆਂ ਬੋਤਲਾਂ" ਤੋਂ ਕਵੀ ਦਾ ਕੀ ਭਾਵ ਹੈ?**

Ans- Bottles full of cold things to drink. ਪੀਣ ਲਈ ਠੰਢੇ ਪਦਾਰਥਾਂ ਦੀਆਂ ਭਰੀਆਂ ਬੋਤਲਾਂ।

**Q-5. Why do the children cluster round the ice cream man?**

**ਬੱਚੇ ਆਈਸ ਕਰੀਮ ਵੇਚਣ ਵਾਲੇ ਦੇ ਆਲੇ ਦੁਆਲੇ ਕਿਉਂ ਇਕੱਠੇ ਹੋ ਜਾਂਦੇ ਹਨ?**

Ans- To get ice creams quickly. ਜਲਦੀ ਜਲਦੀ ਆਈਸ ਕਰੀਮ ਖਰੀਦਣ ਲਈ।

## Lesson – 5

## KINDNESS ALWAYS REPAYS (ਦਿਆਲਤਾ ਹਮੇਸ਼ਾ ਫਲ ਦਿੰਦੀ ਹੈ)

| My Vocabulary | |
|---|---|
| 1. Hear - ਸੁਣਿਆ | 6. Thorn - ਕੰਡਾ |
| 2. Roar - ਦਹਾੜ | 7. Struck – ਖੁੱਭਿਆ |
| 3. Got down – ਹੇਠਾਂ ਉੱਤਰਿਆ | 8. Pulled out – ਖਿੱਚ ਕੇ ਬਾਹਰ ਕੱਢਿਆ |
| 4. Saw - ਦੇਖਿਆ | 9. Arrested - ਗ੍ਰਿਫਤਾਰ |
| 5. Pain - ਦਰਦ | 10. If - ਜੇਕਰ |

**Q-1.Where did Androcles hear the roar of a lion ?**

ਐਂਨਡਰੋਕਲਸ ਨੇ ਸ਼ੇਰ ਦੀ ਦਹਾੜ ਕਿੱਥੇ ਸੁਣੀ ?

Ans- In a forest. ਇੱਕ ਜੰਗਲ ਵਿੱਚ ।

**Q-2. What did Androcles see when he got down the tree?**

ਜਦੋਂ ਐਂਨਡਰੋਕਲਸ ਦਰਖਤ ਤੋਂ ਹੇਠਾਂ ਆਇਆ ਤਾਂ ਉਸ ਨੇ ਕੀ ਵੇਖਿਆ ?

Ans- He saw the lion crying with pain (ਦਰਦ ).

ਉਸਨੇ ਸ਼ੇਰ ਨੂੰ ਦਰਦ ਨਾਲ ਚਿਲਾਉਂਦੇ ਹੋਏ ਵੇਖਿਆ ।

**Q-3. What did Androcles do when he saw a thorn struck in the lion's paw?**

ਜਦੋਂ ਐਂਨਡਰੋਕਲਸ ਨੇ ਸ਼ੇਰ ਦੇ ਪੰਜੇ ਵਿੱਚ ਇੱਕ ਕੰਡਾ ਚੁੱਭਿਆ ਵੇਖਿਆ ਤਾਂ ਉਸਨੇ ਕੀ ਕੀਤਾ।

Ans-Androcles pulled out the thorn. ਐਂਨਡਰੋਕਲਸ ਨੇ ਕੰਡਾ ਖਿੱਚ ਕੇ ਬਾਹਰ ਕੱਢ ਦਿੱਤਾ।

**Q-4.Why did the king's soldiers arrested (ਗ੍ਰਿਫਤਾਰ) Androcles ?**

ਰਾਜੇ ਦੇ ਸੈਨਿਕਾਂ ਨੇ ਐਂਨਡਰੋਕਲਸ ਨੂੰ ਗ੍ਰਿਫਤਾਰ ਕਿਉਂ ਕੀਤਾ?

Ans- Because his religion was different that of the king.

ਕਿਉਂਕਿ ਉਸਦਾ ਧਰਮ ਰਾਜੇ ਦੇ ਧਰਮ ਤੋਂ ਵੱਖਰਾ ਸੀ ।

**Q-5.How did Androcles react when the lion came charging towards him ?**

ਜਦੋਂ ਸ਼ੇਰ ਐਂਨਡਰੋਕਲਸ ਵੱਲ ਵਧ ਰਿਹਾ ਸੀ ਤਾਂ ਉਸਨੇ ਕਿਵੇਂ ਪ੍ਰਤੀਕਿਰਿਆ ਦਿੱਤੀ?

Ans- . Androcles closed his eyes and started praying.

ਐਂਨਡਰੋਕਲਸ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਤੇ ਪ੍ਰਾਰਥਨਾ ਸ਼ੁਰੂ ਕਰ ਦਿੱਤੀ।

**Q-6. Why did the lion spare Androcles's life? ਸ਼ੇਰ ਨੇ ਉਸਨੂੰ ਕਿਉਂ ਨਹੀਂ ਮਾਰਿਆ ?**

Ans- Because Androcles had helped him in the jungle.

ਕਿਉਂਕਿ ਐਂਨਡਰੋਕਲਸ ਨੇ ਜੰਗਲ ਵਿੱਚ ਉਸਦੀ ਮਦਦ ਕੀਤੀ ਸੀ ।

**Q-7.What does the story teach us ? ਸਾਨੂੰ ਇਸ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ ?**

Ans- "Kindness always repays." ਦਿਆਲਤਾ ਹਮੇਸ਼ਾ ਫਲ ਦਿੰਦੀ ਹੈ ।

**Q-8.What would have happened if Androcles had not shown kindness to the lion ?**

**ਜੇਕਰ ਐਂਨਡਰੋਕਲਸ ਨੇ ਸ਼ੇਰ ਪ੍ਰਤੀ ਦਿਆਲਤਾ ਨਾ ਦਿਖਾਈ ਹੁੰਦੀ ਤਾਂ ਕੀ ਵਾਪਰਦਾ?**

Ans- "The lion would have killed him." ਸ਼ੇਰ ਉਸਨੂੰ ਮਾਰ ਦਿੰਦਾ ।

## Lesson – 6

## LET'S MEET THEM (ਆਓ ਉਹਨਾਂ ਨੂੰ ਮਿਲੀਏ)

| My Vocabulary | |
|---|---|
| 1. Visit – ਯਾਤਰਾ/ ਫੇਰੀ | 6. Opposite - ਸਾਹਮਣੇ |
| 2. Closed - ਬੰਦ | 7. Hobby - ਸ਼ੌਕ |
| 3. Vacations – ਛੁੱਟੀਆਂ | 8. Creative - ਰਚਨਾਤਮਕ |
| 4. Journey - ਯਾਤਰਾ | 9. Inspired – ਪ੍ਰੇਰਿਤ ਕੀਤਾ |
| 5. Lots of – ਬਹੁਤ ਸਾਰੇ | 10. Serve - ਸੇਵਾ |

**Q-1. Why was it the right time for Rani and Raju to visit their village ?**

**ਰਾਜੂ ਅਤੇ ਰਾਣੀ ਲਈ ਆਪਣੇ ਪਿੰਡ ਦੀ ਯਾਤਰਾ ਕਰਨ ਦਾ ਇਹ ਸਹੀ ਸਮਾਂ ਕਿਵੇਂ ਸੀ ?**

Ans- Because their schools had been closed for summer vacations.

ਕਿਉਂਕਿ ਉਨ੍ਹਾਂ ਦੇ ਸਕੂਲ ਗਰਮੀਂ ਦੀਆਂ ਛੁੱਟੀਆਂ ਕਾਰਨ ਬੰਦ ਹੋ ਚੁੱਕੇ ਸਨ।

**Q-2.What did Rani and Raju carry with them to remain busy during the journey ?**

**ਰਾਜੂ ਅਤੇ ਰਾਣੀ ਨੇ ਯਾਤਰਾ ਦੌਰਾਨ ਆਪਣੇ ਆਪ ਨੂੰ ਰੁੱਝੇ ਰੱਖਣ ਲਈ ਕੀ ਕੁਝ ਚੁੱਕਿਆ ?**

Ans- A pack of cards, a toy game and lots of story books.

ਇੱਕ ਕਾਰਡਾਂ ਦੀ ਗੱਠੀ, ਇੱਕ ਖਿਡੋਣਾ ਖੇਡ ਅਤੇ ਬਹੁਤ ਸਾਰੀਆਂ ਕਹਾਣੀਆਂ ਦੀਆਂ ਕਿਤਾਬਾਂ ।

**Q-3.Who was sitting opposite to Rani and what was she doing?**

**ਰਾਣੀ ਦੇ ਸਾਹਮਣੇ ਕੌਣ ਬੈਠਾ ਸੀ ਅਤੇ ਉਹ ਕੀ ਕਰ ਰਹੀ ਸੀ ?**

Ans- A famous writer Ravinder Kaur was sitting opposite to Rani.She was writing a story for children.

ਰਾਣੀ ਦੇ ਸਾਹਮਣੇ ਇੱਕ ਪ੍ਰਸਿੱਧ ਲੇਖਿਕਾ ਰਵਿੰਦਰ ਕੌਰ ਬੈਠੀ ਸੀ।ਉਹ ਬੱਚਿਆਂ ਲਈ ਇੱਕ ਕਹਾਣੀ ਲਿਖ ਰਹੀ ਸੀ।

**Q-4. What was the favorite hobby of Ravinder? ਰਵਿੰਦਰ ਦਾ ਸ਼ੌਕ ਕੀ ਸੀ?**

Ans- Creative writing and reading. ਰਚਨਾਤਮਕ ਲਿਖਣਾ ਅਤੇ ਪੜ੍ਹਣਾ ।

**Q-5.Who was sitting close to Raju? ਰਾਜੂ ਦੇ ਨੇੜੇ ਕੌਣ ਬੈਠਾ ਸੀ?**

Ans- An Air Force Officer Amarjeet Singh.

ਹਵਾਈ ਫੋਜ ਦਾ ਇੱਕ ਅਧਿਕਾਰੀ ਅਮਰਜੀਤ ਸਿੰਘ।

**Q-6.What has inspired Amarjeet to join Air Force ?**

**ਅਮਰਜੀਤ ਨੂੰ ਹਵਾਈ ਫੋਜ ਵਿੱਚ ਸ਼ਾਮਿਲ ਹੋਣ ਲਈ ਕਿਸਨੇ ਪ੍ਰੇਰਿਤ ਕੀਤਾ?**

Ans- His father and grandfather were all fighter pilots. This inspired Amarjeet Singh.

ਉਸਦੇ ਪਿਤਾ ਜੀ ਅਤੇ ਦਾਦਾ ਜੀ ਸਾਰੇ ਲੜਾਕੂ ਜਹਾਜਾਂ ਦੇ ਪਾਇਲਟ ਸਨ। ਇਸ ਨੇ ਉਸਨੂੰ ਪ੍ਰੇਰਿਤ ਕੀਤਾ।

**Q-7.Why is Raju interested in joining Air Force?**

**ਰਾਜੂ ਹਵਾਈ ਫੋਜ ਵਿੱਚ ਸ਼ਾਮਿਲ ਹੋਣ ਦੀ ਰੁਚੀ ਕਿਉਂ ਰੱਖਦਾ ਹੈ ?**

Ans- Because he wants to serve his country. ਕਿਉਂਕਿ ਉਹ ਆਪਣੇ ਦੇਸ਼ ਦੀ ਸੇਵਾ ਕਰਨੀ ਚਾਹੁੰਦਾ ਹੈ।

**Q-8.Why is Rani keen to become a doctor ? ਰਾਣੀ ਡਾਕਟਰ ਕਿਉਂ ਬਣਨਾ ਚਾਹੁੰਦੀ ਹੈ ?**

Ans- she wants to be a doctor to serve the ill.

ਉਹ ਵੱਡੀ ਹੋ ਕੇ ਡਾਕਟਰ ਬਣ ਕੇ ਬਿਮਾਰਾਂ ਦੀ ਸੇਵਾ ਕਰਨੀ ਚਾਹੁੰਦੀ ਹੈ ।

## Lesson –7

## A CLEAN CONFESSION (ਇੱਕ ਸਪਸ਼ਟ ਇਕਬਾਲ)

| My Vocabulary | |
|---|---|
| 1. Interested – ਰੁਚੀ ਰੱਖਣਾ | 6. Stealing - ਚੋਰੀ |
| 2. Smoking - ਸਿਗਰਟਨੋਸ਼ੀ | 7. Servant- ਨੌਕਰ |
| 3. Unbearable - ਅਸਿਹਣਯੋਗ | 8. Buy - ਖਰੀਦਣਾ |
| 4. Permission - ਆਗਿਆ | 9. Dismiss – ਤਿਆਗ ਦੇਣਾ |
| 5. Elders – ਵੱਡੇ | 10. Tears - ਹੰਝੂ |

**Q-1. What made Gandhiji interested in smoking ?**

ਗਾਂਧੀਜੀ ਦੀ ਰੁਚੀ ਸਿਗਰਟਨੋਸ਼ੀ ਵਿੱਚ ਕਿਸ ਗੱਲ ਨੇ ਪੈਦਾ ਕੀਤੀ ?

Ans- The clouds of smoke made by his uncle by smoking.

ਗਾਂਧੀਜੀ ਦੇ ਅੰਕਲ ਦੁਆਰਾ ਸਿਗਰਟ ਦੇ ਧੂਏਂ ਤੋਂ ਬਣਾਏ ਬੱਦਲਾਂ ਨੇ ।

**Q-2.What appeared to be unbearable to Ghandhiji?** ਗਾਂਧੀਜੀ ਜੀ ਲਈ ਕੀ ਅਸਿਹਣਯੋਗ ਸੀ ?

Ans- That they had to take permission of elders for everything .

ਇਹ ਕਿ ਉਨ੍ਹਾਂ ਨੂੰ ਹਰ ਕੰਮ ਲਈ ਵੱਡਿਆਂ ਦੀ ਆਗਿਆ ਲੈਣੀ ਪੈਂਦੀ ਸੀ।

**Q-3.Why did Gandhiji start stealing small coins from the servant's pocket money?**

ਗਾਂਧੀਜੀ ਨੇ ਨੌਕਰ ਦੇ ਜੇਬ ਖਰਚ ਵਿੱਚੋਂ ਛੋਟੇ ਸਿੱਕੇ ਚੋਰੀ ਕਰਨੇ ਕਿਉਂ ਸ਼ੁਰੂ ਕਰ ਦਿੱਤੇ?

Ans- For buying ciggarettes. ਸਿਗਰਟਾਂ ਖਰੀਦਣ ਲਈ ।

**Q-4.Why did Gandhiji dismiss the idea of committing suicide ?**

ਗਾਂਧੀਜੀ ਨੇ ਆਤਮਹੱਤਿਆ ਕਰਨ ਦਾ ਵਿਚਾਰ ਕਿਉਂ ਤਿਆਗ ਦਿੱਤਾ?

Ans- Because he dared not to die. ਕਿਉਂਕਿ ਉਨ੍ਹਾਂ ਵਿੱਚ ਮਰਨ ਦਾ ਹੋਂਸਲਾ ਨਹੀਂ ਸੀ ।

**Q-5. When did Gandhiji commit the other theft?** ਗਾਂਧੀਜੀ ਨੇ ਦੂਸਰੀ ਚੋਰੀ ਕਦੋਂ ਕੀਤੀ?

Ans- When he was twelve years old. ਜਦੋਂ ਉਹ 12 ਸਾਲ ਦੇ ਸਨ।

**Q-6.When did Ghandhiji decide to confess to his father?**

ਗਾਂਧੀਜੀ ਨੇ ਆਪਣੇ ਪਿਤਾਜੀ ਦੇ ਸਾਹਮਣੇ ਇਕਬਾਲ ਕਰਨ ਦਾ ਫੈਂਸਲਾ ਕਦੋਂ ਕੀਤਾ ?

Ans- When he felt his heart burdened with guilt.

ਜਦੋਂ ਉਨ੍ਹਾਂ ਦੇ ਦਿਲ ਤੇ ਆਪਣੇ ਦੋਸ਼ ਦਾ ਭਾਰ ਵਧ ਗਿਆ ।

**Q-7.What was the reaction of Ghandhiji's father when he read Ghandhiji's confession ?**

ਗਾਂਧੀਜੀ ਦੇ ਪਿਤਾਜੀ ਦੀ ਪ੍ਰਤੀਕਿਰਿਆ ਕੀ ਸੀ ਜਦੋਂ ਉਨ੍ਹਾਂ ਨੇ ਗਾਂਧੀਜੀ ਦਾ ਇਕਬਾਲ ਪੜ੍ਹਿਆ?

Ans- Tears trickled down his cheeks.

ਉਨ੍ਹਾਂ ਦੀਆਂ ਅੱਖਾਂ ਵਿੱਚੋਂ ਹੰਝੂ ਟਪਕ ਕੇ ਉਨ੍ਹਾਂ ਦੀਆਂ ਗੱਲ੍ਹਾਂ ਤੇ ਆ ਗਏ।

**Q-8. What does Ghandhiji mean by "Clear confession"?**

ਗਾਂਧੀਜੀ ਦਾ 'ਇੱਕ ਸਪਸ਼ਟ ਇਕਬਾਲ' ਤੋਂ ਕੀ ਭਾਵ ਹੈ?

Ans- It is a promise not to commit the sin (ਪਾਪ) again. ਇਹ ਪਾਪ ਨੂੰ ਦੁਬਾਰਾ ਨਾ ਕਰਨ ਦਾ ਵਾਅਦਾ ਹੈ।

## Lesson – 8

## THE OLYMPIC GAMES (ਓਲੰਪਿਕ ਖੇਡਾਂ)

| My Vocabulary | |
|---|---|
| 1. First ever – ਸਭ ਤੋਂ ਪਹਿਲਾ | 6. Attract - ਆਕਰਸ਼ਿਤ |
| 2. Ancient - ਪੁਰਾਤਨ | 7. Competitors - ਪ੍ਰਤੀਯੋਗੀ |
| 3. Symbol - ਚਿੰਨ੍ਹ | 8. Defeated - ਹਰਾਇਆ |
| 4. Continents - ਮਹਾਂਦੀਪ | 9. Cancelled – ਰੱਦ ਕੀਤਾ |
| 5. Represent – ਪੇਸ਼ ਕਰਨਾ/ ਦਰਸਾਉਣਾ | 10. Wreath - ਤਾਜ਼ |

**Q-1. Why are Olympic games named after Olympia?**

ਓਲੰਪਿਕ ਖੇਡਾਂ ਦਾ ਨਾਮ ਓਲੰਪੀਆ ਦੇ ਨਾਮ ਤੇ ਰੱਖਿਆ ਕਿਉਂ ਰੱਖਿਆ ਗਿਆ ?

Ans- Because the first ever Olympic games were held in Olympia in Greece.

ਕਿਉਂਕਿ ਸਭ ਤੋਂ ਪਹਿਲੀਆਂ ਓਲੰਪਿਕ ਖੇਡਾਂ ਓਲੰਪਿਆ (ਗ੍ਰੀਸ) ਵਿੱਚ ਹੋਈਆਂ ਸਨ।

**Q-2. Who started the first Olympic games in ancient Greece?**

ਪੁਰਾਣੇ ਗ੍ਰੀਸ ਵਿੱਚ ਸਭ ਤੋਂ ਪਹਿਲੀਆਂ ਓਲੰਪਿਕ ਖੇਡਾਂ ਕਿਸ ਨੇ ਸ਼ੁਰੂ ਕੀਤੀਆਂ ਸਨ?

Ans- Hercules. ਹਰਕੁਲਸ ਨੇ।

**Q-3. What does the Olympic Symbol represent?**

ਓਲੰਪਿਕ ਚਿੰਨ੍ਹ ਕੀ ਦਰਸਾਉਂਦਾ ਹੈ?

Ans- It represents the five continents of the world joined in friendship.

ਇਹ ਵਿਸ਼ਵ ਦੇ ਪੰਜ ਮਹਾਂਦੀਪ ਆਪਸ ਵਿੱਚ ਮਿੱਤਰਤਾਪੂਰਵਕ ਜੁੜੇ ਦਰਸਾਉਂਦਾ ਹੈ।

**Q-4. Which events attract the largest number of competitors in the Olympic games these days?**

ਕਿਹੜੀਆਂ ਖੇਡਾਂ ਅੱਜਕੱਲ੍ਹ ਸਭ ਤੋਂ ਵੱਧ ਪ੍ਰਤੀਯੋਗੀਆਂ ਨੂੰ ਆਕਰਸ਼ਿਤ ਕਰ ਰਹੀਆਂ ਹਨ?

Ans- Track and Field events. ਟਰੈਕ ਅਤੇ ਮੈਦਾਨੀ ਖੇਡਾਂ।

**Q-5. Who was the Captain of the Indian Hockey team in 1936 Olympics and which team was defeated by the Indian team?**

1936 ਦੀਆਂ ਓਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਦਾ ਕਪਤਾਨ ਕੌਣ ਸੀ ਅਤੇ ਭਾਰਤੀ ਟੀਮ ਦੁਆਰਾ ਕਿਸ ਟੀਮ ਨੂੰ ਹਰਾਇਆ ਗਿਆ?

Ans- Major Dhyan Chand was the Captain of the Indian Hockey team in 1936 Olympics and Germany team was defeated by the Indian team ਮੇਜਰ ਧਿਆਨ ਚੰਦ 1936 ਓਲੰਪਿਕਸ ਵਿੱਚ ਭਾਰਤੀ ਹਾਕੀ ਟੀਮ ਦੇ ਕਪਤਾਨ ਸਨ ਅਤੇ ਭਾਰਤੀ ਟੀਮ ਦੁਆਰਾ ਜਰਮਨੀ ਦੀ ਟੀਮ ਨੂੰ ਹਰਾਇਆ ਗਿਆ।

**Q-6. Why were Olympic games cancelled three times?**

ਓਲੰਪਿਕ ਖੇਡਾਂ ਤਿੰਨ ਵਾਰ ਰੱਦ ਕਿਉਂ ਹੋਈਆਂ?

Ans- Because of the World Wars. ਵਿਸ਼ਵ ਯੁੱਧਾਂ ਕਾਰਨ।

**Q-7. Who was awarded a wreath made of olive leaves in the olden days?**

ਪੁਰਾਣੇ ਸਮੇਂ ਵਿੱਚ ਸਭ ਤੋਂ ਪਹਿਲਾਂ ਜੇਤੂਨ ਦੇ ਪੱਤਿਆਂ ਦਾ ਹਾਰ/ਤਾਜ਼ ਕਿਸਨੂੰ ਦਿੱਤਾ ਗਿਆ?

Ans- Pelops. ਪੀਲੋਪਸ।

**Q-8. How are Olympic games helpful for the nations of the world?**

ਓਲੰਪਿਕ ਖੇਡਾਂ ਵਿਸ਼ਵ ਲਈ ਮੱਦਦਗਾਰ ਕਿਵੇਂ ਹਨ?

Ans- The Olympic games help to foster friendship among nations.

ਓਲੰਪਿਕ ਖੇਡਾਂ ਵਿਸ਼ਵ ਵਿੱਚ ਮਿੱਤਰਤਾ ਵਧਾਉਣ ਵਿੱਚ ਮੱਦਦ ਕਰਦੀਆਂ ਹਨ।

# POEM-3 The Wind

| My Vocabulary | |
|---|---|
| 1. Wind – ਹਵਾ/ਪੌਣ | 6. Mean – ਭਾਵ/ ਮਤਲਬ |
| 2. Fly- ਉੱਡਣਾ | 7. Fields - ਖੇਤ |
| 3. Blowing – ਵਗ ਰਹੀ | 8. Invisible ਇਨਵਿਜ਼ਬਿਲ – ਅਦਿੱਖ |
| 4. Tosses - ਉਛਾਲਦੀ | 9. Strongly – ਤਾਕਤ ਨਾਲ |
| 5. High – ਉੱਚਾ | 10. Mind - ਮਨ |

**Q-1. How does the wind help the birds? ਹਵਾ/ਪੌਣ ਪੰਛੀਆਂ ਦੀ ਸਹਾਇਤਾ ਕਿਵੇਂ ਕਰਦੀ ਹੈ?**

Ans- It helps the birds in flying. ਇਹ ਪੰਛੀਆਂ ਦੀ ਉੱਡਣ ਵਿੱਚ ਸਹਾਇਤਾ ਕਰਦੀ ਹੈ।

**Q- 2. What does the wind do all the day long?**

**ਹਵਾ/ ਪੌਣ ਸਾਰਾ ਦਿਨ ਕੀ ਕਰਦੀ ਹੈ?**

Ans- It keeps on blowing all the day long. ਇਹ ਸਾਰਾ ਦਿਨ ਵਗਦੀ ਰਹਿੰਦੀ ਹੈ।

**Q- 3. How are kites helped by the wind?**

**ਪਤੰਗ ਪੌਣ ਤੋਂ ਮੱਦਦ ਕਿਵੇਂ ਪ੍ਰਾਪਤ ਕਰਦੇ ਹਨ?**

Ans- The wind tosses the kites high in the sky. ਪੌਣ ਪਤੰਗਾ ਨੂੰ ਉੱਚੀ ਆਸਮਾਨ ਵਿੱਚ ਉਡਾਉਂਦੀ ਹੈ।

**Q- 4. What does the poet mean when he says,"I could not see yourself at all"?**

**ਕਵੀ ਦਾ ਇਸ ਤੋਂ ਕੀ ਭਾਵ ਹੈ ਜਦੋਂ ਉਹ ਕਹਿੰਦਾ ਹੈ,"ਮੈਂ ਤੈਨੂੰ ਬਿਲਕੁਲ ਨਹੀਂ ਦੇਖ ਸਕਦਾ"?**

Ans- It means that wind is invisible ਇਨਵਿਜ਼ੀਬਲ (ਅਦਿੱਖ). ਇਸਦਾ ਭਾਵ ਹੈ ਕਿ ਹਵਾ ਅਦਿੱਖ ਹੈ।

**Q- 5. What does the poet mean by 'a beast of field and tree'?**

**ਕਵੀ ਦਾ ਇਸ ਤੋਂ ਕੀ ਭਾਵ ਹੈ 'ਖੇਤਾਂ ਅਤੇ ਦਰਖਤਾਂ ਦਾ ਇੱਕ ਜਾਨਵਰ'?**

Ans- It means that wind blows strongly in fields and trees.

ਇਸਦਾ ਭਾਵ ਹੈ ਕਿ ਹਵਾ ਖੇਤਾਂ ਅਤੇ ਦਰਖਤਾਂ ਵਿੱਚ ਬਹੁਤ ਤਾਕਤ ਨਾਲ ਵਗਦੀ ਹੈ।

**Q- 6. What kind of picture comes to the mind of the poet about the wind?**

**ਕਵੀ ਦੇ ਮਨ ਵਿੱਚ ਪੌਣ ਦੀ ਕਿਸ ਤਰ੍ਹਾਂ ਦੀ ਤਸਵੀਰ ਆਉਂਦੀ ਹੈ?**

Ans- The picture of a beast, or a child and blowing and singing all the day. ਇੱਕ ਜਾਨਵਰ ਵਾਂਗ ਜਾਂ ਇੱਕ ਬੱਚੇ ਵਾਂਗ ਅਤੇ ਸਾਰਾ ਦਿਨ ਵਗਣ ਵਾਲੀ ਅਤੇ ਗਾਉਣ ਵਾਲੀ ਤਸਵੀਰ।

Krishan Kumar, IAS
Secretary
Government of Punjab
Department of School Education

Telephone No. ......0172-5212313

D.NO/ਅੱ.ਸ. ਪੱ.ਨੰ Appreciation/2019
249353-249412

ਕ੍ਰਿਸ਼ਨ ਕੁਮਾਰ, ਆਈ. ਏ. ਐੱਸ
ਸਕੱਤਰ
ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਮਿਤੀ 23-08-2019

To

SH. Harbans Lal
SS. Master
GMS Gorakh Nath
Mansa.

1.0 I am happy to learn that you have been contributing in a very constructive and dedicated manner to improve the quality of education in your school.

2.0 The Department acknowledges and appreciates your extra ordinary efforts. I am sure you will continue to do the same for the future. Your work is an inspiration for other teachers and the schools in the State of Punjab.

Best wishes !

(Krishan Kumar)

CC: DEO (SE) Mansa.

# Other Old Lessons

## Lesson –

## THE CHILD'S RETURN-1 (ਬੱਚੇ ਦੀ ਵਾਪਸੀ–1)

**Q-1. Why did Raicharan think he had two masters ?**

ਰਾਇਚਰਨ ਨੇ ਇਹ ਕਿਉਂ ਸੋਚਿਆ ਕਿ ਉਸਦੇ ਦੋ ਮਾਸਟਰ ਹਨ ?

Ans- Before his marriage, Anukul was Raicharan 's only master. But after his marriage Raicharan found that he has two masters- Anukul and his son.

ਆਪਣੀ ਸ਼ਾਦੀ ਤੋਂ ਪਹਿਲਾਂ ਅਨੁਕੂਲ ਰਾਇਚਰਨ ਦਾ ਇੱਕੋ-ਇੱਕ ਮਾਲਕ ਸੀ । ਪ੍ਰੰਤੂ ਉਸਦੀ ਸ਼ਾਦੀ ਤੋਂ ਬਾਅਦ ਰਾਇਚਰਨ ਨੇ ਦੇਖਿਆ ਕਿ ਉਸਦੇ ਦੋ ਮਾਲਕ ਹਨ – ਅਨੁਕੂਲ ਅਤੇ ਉਸਦਾ ਪੁੱਤਰ ।

**Q-2. What would the child do when Raicharan went to catch him?**

ਜਦੋਂ ਰਾਇਚਰਨ ਬੱਚੇ ਨੂੰ ਫੜਣ ਜਾਂਦਾ ਤਾਂ ਉਹ ਕੀ ਕਰਦਾ ਸੀ ?

Ans- The child would laugh and try to run away.

ਬੱਚਾ ਹੱਸਦਾ ਅਤੇ ਦੌੜ ਜਾਣ ਦੀ ਕੋਸ਼ਿਸ਼ ਕਰਦਾ।

**Q-3.What would Raicharan do to entertain the child?**

ਬੱਚੇ ਦਾ ਮਨੋਰੰਜਨ ਕਰਨ ਲਈ ਰਾਇਚਰਨ ਕੀ ਕਰਦਾ ਸੀ ?

Ans- He would play a funny horse game for him. ਉਹ ਇੱਕ ਘੋੜਾ-ਖੇਡ ਖੇਡਦਾ ਸੀ ।

**Q-4. What did Raicharan tell the child before he went to pick flowers?**

ਫੁੱਲ ਤੋੜਨ ਜਾਣ ਤੋਂ ਪਹਿਲਾਂ ਰਾਇਚਰਨ ਨੇ ਬੱਚੇ ਨੂੰ ਕੀ ਕਿਹਾ ?

Ans- Raicharan told the child not to go near the water.

ਰਾਇਚਰਨ ਨੇ ਬੱਚੇ ਨੂੰ ਕਿਹਾ ਕਿ ਉਹ ਪਾਣੀ ਦੇ ਨੇੜੇ ਨਾ ਜਾਵੇ ।

**Q-5.What did Raicharan find when he returned after picking flowers ?**

ਜਦੋਂ ਰਾਇਚਰਨ ਫੁੱਲ ਤੋੜ ਕੇ ਵਾਪਿਸ ਆਇਆ ਤਾਂ ਉਸ ਨੇ ਕੀ ਦੇਖਿਆ?

Ans- He found the go-cart empty and the child was missing.

ਉਸ ਨੇ ਦੇਖਿਆ ਕਿ ਬੱਚਾ-ਗੱਡੀ ਖਾਲੀ ਸੀ ਅਤੇ ਬੱਚਾ ਗਾਇਬ ਸੀ।

**Q-6.How did Raicharan react when he found the child nowhere?** ਬੱਚੇ ਦੇ ਕਿਧਰੇ ਵੀ ਨਾ ਮਿਲਣ ਤੇ ਰਾਇਚਰਨ ਨੇ ਕੀ ਪ੍ਰਤੀਕਿਰਿਆ ਕੀਤੀ ਸੀ ?

Ans- He felt his blood froze within him.

ਉਸਨੇ ਮਹਿਸੂਸ ਕੀਤਾ ਜਿਵੇਂ ਉਸਦਾ ਖ਼ੂਨ ਉਸਦੇ ਅੰਦਰ ਜੰਮ ਗਿਆ ਹੋਵੇ।

**Q-7.Do you think Anukul's wife is right in blaming Raicharan?.**

ਕੀ ਤੁਹਾਡੇ ਵਿਚਾਰ ਅਨੁਸਾਰ ਅਨੁਕੂਲ ਦੀ ਪਤਨੀ ਦਾ ਰਾਇਚਰਨ ਨੂੰ ਦੋਸ਼ੀ ਠਹਿਰਾਉਣਾ ਠੀਕ ਹੈ?

Ans- No, because he is always faithful to them.

ਨਹੀ, ਕਿਉਂਕਿ ਉਹ ਹਮੇਸ਼ਾ ਉਨ੍ਹਾਂ ਪ੍ਰਤੀ ਵਫਾਦਾਰ ਰਿਹਾ ਹੈ।

**Q-8.Do you think Anukul also agreed with his wife?.**

ਕੀ ਤੁਹਾਡੇ ਵਿਚਾਰ ਅਨੁਸਾਰ ਅਨੁਕੂਲ ਵੀ ਆਪਣੀ ਪਤਨੀ ਦੇ ਵਿਚਾਰ ਨਾਲ ਸਹਿਮਤ ਸੀ ?

Ans- No, according to him Raicharan could never do such a wicked thing..

ਨਹੀਂ, ਉਸਦੇ ਅਨੁਸਾਰ ਰਾਇਚਰਨ ਕਦੇ ਵੀ ਅਜਿਹਾ ਦੁਸ਼ਟ ਕੰਮ ਨਹੀਂ ਕਰ ਸਕਦਾ ਸੀ।

## Lesson –

## THE CHILD'S RETURN-2 (ਬੱਚੇ ਦੀ ਵਾਪਸੀ-2)

Q-1. What happened to Raicharan's wife after the birth of a son ?

ਪੁੱਤਰ ਨੂੰ ਜਨਮ ਦੇਣ ਤੋਂ ਬਾਅਦ ਰਾਇਚਰਨ ਦੀ ਪਤਨੀ ਨੂੰ ਕੀ ਹੋਇਆ ?

Ans- Raicharan's wife died after the birth of a son.

ਪੁੱਤਰ ਨੂੰ ਜਨਮ ਦੇਣ ਤੋਂ ਬਾਅਦ ਰਾਇਚਰਨ ਦੀ ਪਤਨੀ ਦਾ ਦੇਹਾਂਤ ਹੋ ਗਿਆ ।

Q-2. What were the feelings of Raicharan soon the birth of the baby?

ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਰਾਇਚਰਨ ਦੇ ਮਨ ਵਿੱਚ ਕੀ ਵਿਚਾਰ ਸਨ ?

Ans- He thought that the baby had come to take the place of the little master.

ਉਸ ਨੇ ਸੋਚਿਆ ਕਿ ਬੱਚਾ ਛੋਟੇ ਮਾਲਕ ਦੀ ਥਾਂ ਲੈਣ ਆਇਆ ਹੈ।

Q-3.Why did Raicharan believe that the little master had reborn in his house ?

ਰਾਇਚਰਨ ਨੂੰ ਇਹ ਵਿਸ਼ਵਾਸ਼ ਕਿਉਂ ਸੀ ਕਿ ਛੋਟੇ ਮਾਲਕ ਨੇ ਉਸਦੇ ਘਰ ਵਿੱਚ ਦੁਬਾਰਾ ਜਨਮ ਲਿਆ ਹੈ ?

Ans- Because he walked and talked just like little master.

ਕਿਉਂਕਿ ਉਸਦੀ ਬੋਲਚਾਲ ਬਿਲਕੁਲ ਛੋਟੇ ਮਾਸਟਰ ਵਰਗੀ ਸੀ ।

Q-4. Why did Raicharan himself live on a handful of rice ?

ਰਾਇਚਰਨ ਮੁੱਠੀ ਭਰ ਚਾਵਲਾਂ ਤੇ ਗੁਜ਼ਾਰਾ ਕਿਉਂ ਕਰਦਾ ਸੀ ?

Ans- Because he spent all his money on giving the best of education,clothes and food to the child.

ਕਿਉਂਕਿ ਉਹ ਆਪਣੇ ਸਾਰੇ ਪੈਸੇ ਬੱਚੇ ਦੀ ਪੜ੍ਹਾਈ,ਵਧੀਆ ਕੱਪੜੇ ਅਤੇ ਭੋਜਨ ਤੇ ਖਰਚ ਕਰ ਦਿੰਦਾ ਸੀ।

Q-5. Why was Raicharan’s new employee unhappy with him ?

ਰਾਇਚਰਨ ਦਾ ਨਵਾਂ ਮਾਲਕ ਉਸ ਨਾਲ ਨਾਖੁਸ਼ ਕਿਉਂ ਸੀ ?

Ans- Because he had grown weak now and could not do his daily duty.

ਕਿਉਂਕਿ ਹੁਣ ਉਹ ਕਮਜ਼ੋਰ ਹੋ ਗਿਆ ਸੀ ਅਤੇ ਆਪਣੇ ਦੈਨਿਕ ਕੰਮ ਨਹੀਂ ਕਰ ਸਕਦਾ ਸੀ ।

Q-6. How did Anukul’s wife react when Raicharan brought Phailna to her house?

ਜਦੋਂ ਰਾਇਚਰਨ ਫੈਲਨਾ ਨੂੰ ਘਰ ਲਿਆਇਆ ਤਾਂ ਅਨੁਕੂਲ ਦੀ ਪਤਨੀ ਦੀ ਕੀ ਪ੍ਰਤੀਕਿਰਿਆ ਸੀ ?

Ans- Anukul’s wife took Phailna on her knee. She was crying, laughing and touching him with wild excitement.

ਅਨੁਕੂਲ ਦੀ ਪਤਨੀ ਨੇ ਫੈਲਨਾ ਨੂੰ ਆਪਣੇ ਘੁਟਨਿਆਂ ਤੇ ਬਿਠਾਇਆ।ਉਹ ਪਾਗਲਾਂ ਦੀ ਤਰ੍ਹਾਂ ਉਤੇਜਿਤ ਹੋ ਕੇ ਚੀਕਦੇ,ਹੱਸਦੇ ਹਪਏ ਉਸਨੂੰ ਛੂਹ ਰਹੀ ਸੀ ।

Q-7. Why did Anukul think that it was wiser to believe that Phailna was his son?

ਅਨੁਕੂਲ ਨੇ ਇਹ ਕਿਉਂ ਸੋਚਿਆ ਕਿ ਫੈਲਨਾ ਨੂੰ ਆਪਣਾ ਪੁੱਤਰ ਸਵੀਕਾਰ ਕਰ ਲੈਣ ਵਿੱਚ ਹੀ ਸਿਆਣਪ ਹੈ ?

Ans- Because he saw how eagerly his wife was loving the child.So he accepted the child.

ਅਨੁਕੂਲ ਨੇ ਦੇਖਿਆ ਕਿ ਉਸਦੀ ਪਤਨੀ ਬੜੀ ਉਤਸੁਕਤਾ ਨਾਲ ਬੱਚੇ ਨੂੰ ਪਿਆਰ ਕਰ ਰਹੀ ਸੀ । ਇਸ ਲਈ ਉਸ ਨੇ ਬੱਚੇ ਨੂੰ ਸਵੀਕਾਰ ਕਰ ਲਿਆ ।

## Lesson –

## A LETTER FROM A SON TO HIS MOTHER (ਪੁੱਤਰ ਵੱਲੋਂ ਆਪਣੀ ਮਾਂ ਨੂੰ ਇੱਕ ਖਤ)

Q-1. What can Harinder hear sitting in his bunker ?

ਹਰਿੰਦਰ ਆਪਣੇ ਬੰਕਰ ਵਿੱਚ ਬੈਠੇ ਕੀ ਸੁਣ ਸਕਦਾ ਹੈ ?

Ans- He can hear the firing of guns. ਉਹ ਤੋਪਾਂ ਚੱਲਣ ਦੀ ਆਵਾਜ਼ ਸੁਣ ਸਕਦਾ ਹੈ ।

Q-2. Which battalion was joined by Harinder's father?

ਹਰਿੰਦਰ ਦੇ ਪਿਤਾ ਜੀ ਕਿਸ ਬਟਾਲੀਅਨ ਵਿੱਚ ਭਰਤੀ ਹੋਏ ?

Ans- Sikh regiment. ਸਿੱਖ ਰੈਜੀਮੈਂਟ ।

Q-3. Whose examples of bravery give inspiration to Harinder ?

ਕਿਸਦੀ ਬਹਾਦਰੀ ਦੀਆਂ ਉਦਾਹਰਨਾਂ ਹਰਿੰਦਰ ਨੂੰ ਪ੍ਰੇਰਿਤ ਕਰਦੀਆਂ ਹਨ?

Ans- The examples of the bravery of his granduncle and father.

ਆਪਣੇ ਤਾਇਆ ਜੀ ਅਤੇ ਪਿਤਾ ਜੀ ਦੀਆਂ ਉਦਾਹਰਨਾਂ ।

Q-4. Who was the first gallantry award winner after the independence of India?

ਭਾਰਤ ਦੀ ਸੁਤੰਤਰਤਾ ਦੇ ਬਾਅਦ ਪਹਿਲਾ ਵੀਰਤਾ ਪੁਰਸਕਾਰ ਵਿਜੇਤਾ ਕੌਣ ਸੀ ?

Ans- Harinder's granduncle. ਹਰਿੰਦਰ ਦੇ ਤਾਇਆ ਜੀ ।

Q-5. Whose life was saved by Harinder's father in 1971 war?

1971 ਦੇ ਯੁੱਧ ਵਿੱਚ ਹਰਿੰਦਰ ਦੇ ਪਿਤਾ ਜੀ ਨੇ ਕਿਸਦੀ ਜਾਨ ਬਚਾਈ ਸੀ ?

Ans- He saved the life of his brother Joginder Singh. ਆਪਣੇ ਭਰਾ ਜੋਗਿੰਦਰ ਸਿੰਘ ਦੀ ।

Q-6. Who is remembered as "Kashmir De Sher"?

"ਕਸ਼ਮੀਰ ਦੇ ਸ਼ੇਰ" ਦੇ ਨਾਮ ਨਾਲ ਕਿਸਨੂੰ ਯਾਦ ਕੀਤਾ ਜਾਂਦਾ ਹੈ ?

Ans- Harinder's granduncle Joginder Singh. ਹਰਿੰਦਰ ਦੇ ਤਾਇਆ ਜੋਗਿੰਦਰ ਸਿੰਘ ਨੂੰ।

Q-7. When was Sikh Regiment joined by Harinder's father?

ਹਰਿੰਦਰ ਦੇ ਪਿਤਾ ਜੀ ਸਿੱਖ ਰੈਜੀਮੈਂਟ ਵਿੱਚ ਕਦੋਂ ਭਰਤੀ ਹੋਏ ?

Ans- During Chinese invasion of 1962. 1962 ਦੇ ਚੀਨੀ ਹਮਲੇ ਦੌਰਾਨ।

## Lesson – 11

## A LETER FROM A SON TO THE MOTHER (ਪੁੱਤਰ ਵੱਲੋਂ ਮਾਂ ਨੂੰ ਇੱਕ ਚਿੱਠੀ)

Q-1. From where was Harjinder writing (ਲਿਖ ਰਿਹਾ) the letter to his mother ?

ਹਰਜਿੰਦਰ ਆਪਣੀ ਮਾਤਾ ਨੂੰ ਪੱਤਰ ਕਿੱਥੋਂ ਲਿਖ ਰਿਹਾ ਸੀ ?

Ans- From his bunker. ਆਪਣੇ ਬੰਕਰ ਤੋਂ

Q-2. Why was Harjinder's father called "Sheran de Sher" ?

ਹਰਜਿੰਦਰ ਦੇ ਪਿਤਾਜੀ ਨੂੰ "ਸ਼ੇਰਾਂ ਦੇ ਸ਼ੇਰ" ਕਿਉਂ ਕਿਹਾ ਜਾਂਦਾ ਸੀ ?

Ans- Because he killed (ਮਾਰਿਆ) three enemies (ਦੁਸ਼ਮਣਾਂ) and saved (ਬਚਾਇਆ ) uncle Joginder Singh.

ਕਿਉਂਕਿ ਉਨ੍ਹਾਂ ਨੇ ਤਿੰਨ ਦੁਸ਼ਮਣਾਂ ਨੂੰ ਮਾਰਿਆ ਸੀ ਅਤੇ ਅੰਕਲ ਜੋਗਿੰਦਰ ਸਿੰਘ ਨੂੰ ਬਚਾਇਆ ਸੀ ।

Q-3. Why did Harjinder join the Sikh Regiment ?

ਹਰਜਿੰਦਰ ਸਿੱਖ ਰੈਜੀਮੈਂਟ ਵਿੱਚ ਕਿਉਂ ਸ਼ਾਮਿਲ ਹੋਇਆ ?

Ans- Because (ਕਿਉਂਕਿ ) it was his family tradition. ਕਿਉਂਕਿ ਇਹ ਉਸਦੀ ਪਰਿਵਾਰਕ ਪਰੰਪਰਾ ਸੀ।

Q-4. Which Corps did Gurinder join? ਗੁਰਿੰਦਰ ਕਿਹੜੀ ਕੋਰ ਵਿੱਚ ਸ਼ਾਮਿਲ ਹੋਇਆ ?

Ans- Army Ordinance Corps. ਆਰਮੀ ਆਰਡੀਨੈਂਸ ਕੋਰ ਵਿੱਚ ।